# <u>ਨਗਰ ਨਿਗਮ, ਅੰਮ੍ਰਿਤਸਰ</u>

## <u>ਪਬਲਿਕ ਨੋਟਿਸ</u>

ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਨੇ ਆਪਣੇ ਮੱਤਾ ਨੰ: 36 (ਗ) ਮਿਤੀ 29-01-2013 ਰਾਹੀ ਦੀ ਪੰਜਾਬ ਮਿਉਸਪਲ ਆਊਟਡੋਰ ਐਡਵਰਟਾਈਜ਼ਮੈਂਟ ਪਾਲਸੀ-2012 ਅਡਾਪਟ ਕਰਦੇ ਹੋਏ ਪ੍ਰਵਾਨ ਕਰ ਦਿੱਤੀ ਗਈ ਹੈ ਅਤੇ ਦੀ ਮਿਉਸਪਲ ਆਊਟਡੋਰ ਐਡਵਰਟਾਈਜ਼ਮੈਂਟ ਬਾਈਲਾਜ਼-2012 ਦੇ ਸਬੰਧ ਵਿੱਚ ਪੰਜਾਬ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 401 (1) ਤਹਿਤ ਆਮ ਜਨਤਾ ਪਾਸੋਂ ਇਤਰਾਜ/ਸੁਝਾਓ ਮੰਗੇ ਜਾਂਦੇ ਹਨ।ਜੇਕਰ ਕਿਸੇ ਵਿਅਕਤੀ ਵੱਲੋ ਇਹਨਾਂ ਬਾਈਲਾਜ਼ ਸਬੰਧੀ ਕੋਈ ਇਤਰਾਜ/ਸੁਝਾਓ ਦੇਣਾ ਹੋਵੇ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ/ਸੁਝਾਓ ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਦੇ ਦਫਤਰ ਟਾਊਨ ਹਾਲ ਵਿਖੇ ਦੇ ਸਕਦਾ ਹੈ।

ਆਮ ਜਨਤਾ ਦੀ ਸੂਚਨਾਂ ਲਈ ਇਹ ਵੀ ਦੱਸਿਆ ਜਾਂਦਾ ਹੈ ਕਿ "ਦੀ ਪੰਜਾਬ ਮਿਉਸਪਲ ਆਊਟਡੋਰ ਐਡਵਰਟਾਈਜ਼ਮੈਂਟ ਪਾਲਸੀ/ਬਾਈਲਾਜ਼-2012" ਦੀ ਕਾਪੀ ਸੁਪਰਡੈਂਟ ਐਡਵਰਟਾਈਜ਼ਮੈਂਟ ਨਗਰ ਨਿਗਮ, ਅੰਮ੍ਰਿਤਸਰ ਦੇ ਦਫਤਰ ਫੁਵਾਰਾ ਚੌਂਕ, ਕੇਸਰੀ ਬਾਗ ਵਿਖੇ ਮੋਜੂਦ ਹੈ ਜਿਸ ਨੇ ਵੇਖਣੇ ਹੋਣ ਉਹ ਕਿਸੇ ਵੀ ਦਫਤਰ ਕੰਮ ਵਾਲੇ ਦਿਨ ਦੇਖ ਸਕਦਾ ਹੈ।

"ਦੀ ਪੰਜਾਬ ਮਿਉਸਪਲ ਆਊਟਡੋਰ ਐਡਵਰਟਾਈਜ਼ਮੈਂਟ ਪਾਲਸੀ/ਬਾਈਲਾਜ਼-2012 ਨਗਰ ਨਿਗਮ, ਅੰਮ੍ਰਿਤਸਰ ਦੀ ਵੈਬਸਾਈਟ **www.amritsarcorp.com** ਤੇ ਵੀ ਵੇਖੇ ਜਾ ਸਕਦੇ ਹਨ।ਜੇਕਰ ਮਿੱਥੇ ਸਮੇਂ ਦੌਰਾਨ ਕੋਈ ਇਤਰਾਜ/ਸੁਝਾਓ ਇਹਨਾਂ ਬਾਈਲਾਜ਼ ਸਬੰਧੀ ਪ੍ਰਾਪਤ ਨਹੀ ਹੁੰਦਾ ਹੈ ਤਾਂ ਇਹ ਸਮਝਿਆ ਜਾਵੇਗਾ ਕਿ ਇਸ ਸਬੰਧੀ ਕਿਸੇ ਨੂੰ ਕੋਈ ਇਤਰਾਜ ਨਹੀ ਹੈ ਤਾਂ ਨਗਰ ਨਿਗਮ, ਅੰਮ੍ਰਿਤਸਰ ਵੱਲੋ ਅਗਲੇਰੀ ਕਾਰਵਾਈ ਕਰਨ ਹਿੱਤ ਸਰਕਾਰ ਨੂੰ ਲਿਖ ਦਿੱਤਾ ਜਾਵੇਗਾ।

**-ਸਹੀ/-**
**ਸਹਾਇਕ ਕਮਿਸ਼ਨਰ**
**ਨਗਰ ਨਿਗਮ, ਅੰਮ੍ਰਿਤਸਰ।**